Punjab Government Gazette

Published by Authority

No. 24] CHANDIGARH, FRIDAY, JUNE 12, 2026 (JYAISTHA 22 , 1948 SAKA)

PART I

Punjab Government Notifications and Orders

ਡਾਇਰੈਕਟੋਰੇਟ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ

ਖੇਤੀ ਭਵਨ, ਪਲਾਟ ਨੰ:204, ਨੇੜੇ ਦਾਰਾ ਸਟੂਡੀਓ, ਫੇਜ਼-6, ਐਸ.ਏ.ਐਸ.ਨਗਰ (ਮੋਹਾਲੀ)

(ਅਮਲਾ-2 ਸ਼ਾਖਾ)

ਹੁਕਮ

ਇਹ ਕਿ ਸ਼੍ਰੀਮਤੀ ਮਨਪ੍ਰੀਤ ਕਲਸੀ, ਖੇਤੀਬਾੜੀ ਉਪ ਨਿਰੀਖਕ, ਸਰਕਲ ਬੁੱਲੋਵਾਲ, ਬਲਾਕ ਹੁਸ਼ਿਆਰਪੁਰ-1 ਵੱਲੋਂ ਮਿਤੀ :20.01.2022 ਤੋਂ 20.04.2022 ਤੱਕ (92ਦਿਨਾਂ) ਕਮਾਈ ਛੁੱਟੀ (ਐਕਸ ਇੰਡੀਆ ਲੀਵ) ਅਤੇ ਬਿਨ੍ਹਾ ਤਨਖਾਹ ਛੁੱਟੀ ਦੀ ਮੰਗ ਕੀਤੀ ਗਈ ਸੀ। ਜਿਸ ਦੇ ਸਬੰਧ ਵਿੱਚ ਕਰਮਚਾਰੀ ਦੇ ਸਬੰਧਤ ਦਫਤਰ ਨੂੰ ਪੱਤਰ ਨੰ: 4-3320/ਅ2(4)/2022/1054 ਮਿਤੀ:11.04.2022 ਰਾਹੀਂ ਲਿਖਿਆ ਗਿਆ ਸੀ ਕਿ ਕਰਮਚਾਰੀ ਦੀ 92 ਦਿਨਾਂ ਕਮਾਈ ਛੁੱਟੀ (ਐਕਸ ਇੰਡੀਆ ਲੀਵ) ਅਤੇ ਬਿਨ੍ਹਾਂ ਤਨਖਾਹ ਛੁੱਟੀ 90 ਦਿਨਾਂ ਤੋਂ ਜਿਆਦਾ ਹੋਣ ਕਾਰਨ ਸਰਕਾਰ ਪੱਧਰ ਤੇ ਪ੍ਰਵਾਨ ਕੀਤੀ ਜਾਣੀ ਸੀ। ਪਰੰਤੂ ਉਨ੍ਹਾਂ ਵੱਲੋਂ ਇਹ ਛੁੱਟੀ ਮਿਤੀ 19.01.2022 ਨੂੰ ਮੰਨਜੂਰ ਕਰਨ ਲਈ ਇਸ ਦਫਤਰ ਨੂੰ ਭੇਜੀ ਗਈ। ਜੋ ਕਿ ਸਮੇਂ ਸਿਰ ਅਪਲਾਈ ਨਾ ਕਰਨ ਕਾਰਨ ਪ੍ਰਵਾਨ ਨਹੀਂ ਕੀਤੀ ਗਈ। ਇਸ ਉਪਰੰਤ ਮੁੱਖ ਖੇਤੀਬਾੜੀ ਅਫਸਰ, ਹੁਸ਼ਿਆਰਪੁਰ ਵੱਲੋਂ ਪੱਤਰ ਮਿਤੀ 21.04.2022 ਰਾਹੀਂ ਸ਼੍ਰੀਮਤੀ ਮਨਪ੍ਰੀਤ ਕਲਸੀ ਪਤਨੀ ਰਾਜਨਦੀਪ ਸਿੰਘ, ਖੇਤੀਬਾੜੀ ਉਪ ਨਿਰੀਖਕ ਵੱਲੋ ਉਸ ਦੇ ਪਤੀ ਦੁਆਰਾ ਨਿਊਜ਼ੀਲੈਂਡ ਦਾ ਅਚਨਚੇਤ ਵਿਜ਼ੀਟਰ ਵੀਜ਼ਾ ਭੇਜਣ ਕਾਰਨ ਮਿਤੀ 21.04.2022 ਤੋਂ 19.07.2022 ਤੱਕ (90 ਦਿਨਾਂ) ਦੀ ਬਿਨ੍ਹਾਂ ਤਨਖਾਹ (ਐਕਸ ਇੰਡੀਆ ਲੀਵ) ਵਿੱਚ ਵਾਧਾ ਕਰਨ ਸਬੰਧੀ ਪ੍ਰਾਪਤ ਹੋਈ ਪ੍ਰਤੀ ਬੇਨਤੀ ਤੇ ਕਾਰਵਾਈ ਕਰਦੇ ਹੋਏ ਇਸ ਦਫਤਰ ਵੱਲੋ ਪੱਤਰ ਨੰ:4-3320/ਅ2(4)/2022/2406 ਮਿਤੀ :10.08.2022 ਰਾਹੀ ਮੁੱਖ ਖੇਤੀਬਾੜੀ ਅਫਸਰ, ਹੁਸ਼ਿਆਰਪੁਰ ਨੂੰ ਲਿਖਿਆ ਗਿਆ ਸੀ ਕਿ ਕਰਮਚਾਰਣ ਪਹਿਲਾ ਹੀ ਬਿਨ੍ਹਾਂ ਛੁੱਟੀ ਮੰਨਜੂਰ ਕਰਵਾਏ ਹੀ ਵਿਦੇਸ਼ ਚਲੀ ਗਈ । ਇਸ ਲਈ ਕਰਮਚਾਰਣ ਵੱਲੋ ਦਿੱਤੀ ਗਈ ਵਾਧੇ ਸਬੰਧੀ ਪ੍ਰਤੀ ਬੇਨਤੀ ਰੱਦ ਕਰਦੇ ਹੋਏ ਮੁੱਖ ਖੇਤੀਬਾੜੀ ਅਫਸਰ, ਹੁਸ਼ਿਆਰਪੁਰ ਨੂੰ ਲਿਖਿਆ ਗਿਆ ਕਿ ਕਰਮਚਾਰਣ ਨੂੰ ਤੁਰੰਤ ਆਪਣੀ ਡਿਊਟੀ ਤੇ ਹਾਜ਼ਰ ਹੋਣ ਦੀ ਹਦਾਇਤ ਕੀਤੀ ਜਾਵੇ ਅਤੇ ਜੇਕਰ ਕਰਮਚਾਰਣ ਆਪਣੀ ਡਿਊਟੀ ਤੇ ਹਾਜ਼ਰ ਨਹੀਂ ਤਾਂ ਉਸ ਵਿਰੁੱਧ ਨਿਯਮਾਂ/ਹਦਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇ।

ਇਸ ਸਬੰਧੀ ਦਫਤਰ ਵੱਲੋ ਪੱਤਰ ਨੰ:4-3320/ਅ2(4)/2023/139-40 ਮਿਤੀ:12-01-2023 ਰਾਹੀਂ ਆਪਣੀ ਡਿਊਟੀ ਤੋਂ ਮਿਤੀ :20.01.2022 ਤੋਂ ਲਗਾਤਾਰ ਗੈਰ-ਹਾਜ਼ਰ ਰਹਿਣ ਕਾਰਨ ਕਰਮਚਾਰਣ ਨੂੰ ਪੰਜਾਬ ਸਿਵਲ ਸੇਵਾਵਾਂ (ਦੰਡ ਤੇ ਅਪੀਲ) ਨਿਯਮ 1970 ਦੇ 8 ਅਧੀਨ ਹੇਠ ਲਿਖੇ ਦੋਸ਼ਾਂ ਤਹਿਤ ਦੋਸ਼ ਸੂਚੀ ਜਾਰੀ ਕੀਤੀ ਗਈ ਸੀ:-

1. ਡਿਊਟੀ ਤੋਂ ਗੈਰ-ਹਾਜ਼ਰ ਰਹਿਣ ਦਾ ਦੋਸ਼।
2. ਹੁਕਮ ਅਦੂਲੀ ਦਾ ਦੋਸ਼।
3. ਅਨੁਸ਼ਾਸ਼ਨਹੀਣਤਾ ਦਾ ਦੋਸ਼।

ਇਹ ਦੋਸ਼ ਸੂਚੀ ਦੀ ਕਾਪੀ ਕਰਮਚਾਰਣ ਨੂੰ ਰਜਿਸਟਰਡ ਪੱਤਰ ਰਾਹੀ ਭੇਜੀ ਗਈ ਜੋ ਕਿ ਇਸ ਕਥਨ ਨਾਲ ਵਾਪਿਸ

ਪ੍ਰਾਪਤ ਹੋਇਆ ਕਿ ਪ੍ਰਾਪਤ ਕਰਤਾ ਫੋਰਨ ਕੰਟਰੀ ਗਏ ਹਨ ਇਸ ਕਰਕੇ ਇਹ ਰਜਿਸਟਰਡ ਪੱਤਰ ਦਫਤਰ ਵਿਖੇ ਮਿਤੀ : 02.03.2023 ਨੂੰ ਵਾਪਿਸ ਪ੍ਰਾਪਤ ਹੋ ਗਿਆ ਸੀ। ਮੁੱਖ ਖੇਤੀਬਾੜੀ ਅਫਸਰ, ਹੁਸ਼ਿਆਰਪੁਰ ਵੱਲੋਂ ਪੱਤਰ ਨੰ:ਸੀ.ਏ.ਓ/ਅਮਲਾ/2023/1559 ਮਿਤੀ : 07.03.2023 ਰਾਹੀ ਦੋਸ਼ ਸੂਚੀ ਸਬੰਧਤ ਦੇ ਘਰ ਵਿਖੇ ਉਸਦੇ ਸਹੁਰਾ ਪਰਿਵਾਰ ਦਾ ਨਿੱਜੀ ਘਰੇਲੂ ਪਤਾ ਪਿੰਡ–ਆਲੋਵਾਲ, ਡਾਕਖਾਨਾ–ਬੁਲੋਵਾਲ, ਜਿਲ੍ਹਾ ਹੁਸ਼ਿਆਰਪੁਰ ਵਿਖੇ ਉਸਦੀ ਕਾਨੂੰਨੀ ਵਾਰਿਸ ਮੈਬਰਾਂ ਨੂੰ ਸਰਵ ਕਰਵਾਇਆ ਗਿਆ। ਜੋ ਕਿ ਉਨ੍ਹਾਂ ਵੱਲੋ ਲਿਖਤੀ ਰੂਪ ਵਿੱਚ ਦਿੱਤਾ ਗਿਆ ਕਿ ਸ਼੍ਰੀਮਤੀ ਮਨਪ੍ਰੀਤ ਕਲਸੀ ਆਪਣੇ ਪਤੀ ਸ਼੍ਰੀ ਰਾਜਨਦੀਪ ਸਿੰਘ ਨੂੰ ਪਿਛਲੇ ਤਰਕੀਬਨ 4 ਮਹੀਨੇ ਤੋਂ ਛੱਡ ਕੇ ਚੱਲੀ ਗਈ ਹੈ। ਇਸ ਸਬੰਧੀ ਲਿਖਤੀ ਬਿਆਨ ਪਿੰਡ ਦੇ ਸਰਪੰਚ ਨੇ ਤਸਦੀਕ ਕੀਤਾ ਸੀ। ਇਸ ਉਪਰੰਤ ਕਰਮਚਾਰਣ ਨੂੰ ਜਾਰੀ ਹੋਈ ਦੋਸ਼ ਸੂਚੀ ਸਬੰਧੀ ਸਪੱਸ਼ਟੀਕਰਨ ਅਤੇ ਮੈਡੀਕਲ ਸਰਟੀਫਿਕੇਟ ਦੀ ਕਾਪੀ ਈ–ਮੇਲ ਰਾਹੀ ਭੇਜੀ ਗਈ ਸੀ। ਜਿਸ ਦੇ ਸਬੰਧ ਵਿੱਚ ਉਨ੍ਹਾਂ ਵੱਲੋ ਪ੍ਰਤੀ ਬੇਨਤੀ ਦਿੱਤੀ ਗਈ ਜਿਸ ਵਿੱਚ ਉਨ੍ਹਾਂ ਵੱਲੋ ਲਿਖਿਆ ਗਿਆ ਕਿ ਘਰੇਲੂ ਹਲਾਤ ਠੀਕ ਨਾ ਹੋਣ ਕਾਰਨ ਉਨ੍ਹਾਂ ਨੂੰ ਅਚਾਨਕ ਨਿਊਜਲੈਂਡ ਵਿਖੇ ਜਾਣਾ ਪੈ ਗਿਆ, ਜਿਸ ਕਾਰਨ ਉਹ 15 ਦਿਨ ਪਹਿਲਾ ਛੁੱਟੀ ਅਪਲਾਈ ਨਹੀ ਕਰ ਸਹੀ ਅਤੇ ਇਹ ਵੀ ਸੂਚਿਤ ਕੀਤਾ ਗਿਆ ਕਿ ਮਈ 2023 ਨੂੰ ਆਪਣੀ ਡਿਊਟੀ ਤੇ ਹਾਜ਼ਰ ਹੋ ਜਾਵਾਂਗੀ।

ਇਹ ਕਿ ਇਸ ਸਬੰਧੀ ਮੁੱਖ ਖੇਤੀਬਾੜੀ ਅਫਸਰ, ਹੁਸ਼ਿਆਰਪੁਰ ਨੇ ਆਪ ਦੇ ਘਰੇਲੂ ਪਤੇ ਤੇ ਅਤੇ ਨਿਜੀ ਈ–ਮੇਲ ਆਈ.ਡੀ ਤੇ ਪੱਤਰ ਨੰ: ਸੀ.ਏ.ਓ/ਅਮਲਾ/2023/6046 ਮਿਤੀ: 19.04.2023 ਭੇਜਦੇ ਹੋਏ ਲਿਖਿਆ ਗਿਆ ਕਿ ਮਾਨਯੋਗ ਡਾਇਰੈਕਟਰ ਖੇਤੀਬਾੜੀ, ਪੰਜਾਬ ਜੀ ਵੱਲੋ ਆਪ ਨੂੰ ਤੁਰੰਤ ਆਪਣੀ ਡਿਊਟੀ ਤੇ ਹਾਜ਼ਰ ਹੋਣ ਅਤੇ ਮਿਤੀ: 28.04.2023 ਨੂੰ ਸਵੇਰੇ 11:00 ਵਜੇ ਡਾਇਰੈਕਟਰ ਖੇਤੀਬਾੜੀ, ਪੰਜਾਬ ਜੀ ਪਾਸ ਹਾਜ਼ਰ ਹੋ ਕੇ ਆਪਣਾ ਪੱਖ ਪੇਸ਼ ਕਰਨ ਅਤੇ ਮਿੱਥੇ ਸਮੇਂ ਦੇ ਅੰਦਰ–ਅੰਦਰ ਆਪਣਾ ਪੱਖ ਪੇਸ਼ ਨਹੀਂ ਕਰਦੇ ਤਾਂ ਆਪ ਵਿਰੁੱਧ ਰੂਲਾਂ/ਹਦਾਇਤਾਂ ਅਨੁਸਾਰ ਕਾਰਵਾਈ ਆਰੰਭ ਦਿੱਤੀ ਜਾਵੇਗੀ। ਪਰੰਤੂ ਉਹ ਮਿੱਥੇ ਸਮੇਂ ਦੇ ਅੰਦਰ–ਅੰਦਰ ਦਫਤਰ ਵਿਖੇ ਹਾਜ਼ਰ ਨਹੀਂ ਹੋਏ। ਇਸ ਸਬੰਧੀ ਉਨ੍ਹਾਂ ਨੂੰ ਪੱਤਰ ਨੰ:ਸੀ.ਏ.ਓ/ਅਮਲਾ/2023/6440 ਮਿਤੀ : 05.05.2023 ਰਾਹੀਂ ਮੁੜ ਇੱਕ ਹੋਰ ਆਖਰੀ ਮੌਕਾ ਦਿੰਦੇ ਹੋਏ ਆਪਣਾ ਪੱਖ ਪੇਸ਼ ਕਰਨ ਲਈ ਮਿਤੀ : 15.05.2023 ਨੂੰ ਸਵੇਰੇ 11:00 ਵਜੇ ਡਾਇਰੈਕਟਰ ਖੇਤੀਬਾੜੀ, ਪੰਜਾਬ ਜੀ ਪਾਸ ਹਾਜ਼ਰ ਹੋ ਕੇ ਪੱਖ ਪੇਸ਼ ਲਿਖਿਆ ਗਿਆ। ਪਰੰਤੂ ਉਹ ਪੇਸ਼ ਨਹੀਂ ਹੋਏ।

ਇਹ ਕਿ ਸ਼੍ਰੀਮਤੀ ਮਨਪ੍ਰੀਤ ਕਲਸੀ, ਖੇਤੀਬਾੜੀ ਉਪ ਨਿਰੀਖਕ ਜੋ ਕਿ ਮਿਤੀ : 20.01.2022 ਤੋਂ ਲਗਾਤਾਰ ਡਿਊਟੀ ਤੋਂ ਗੈਰ–ਹਾਜ਼ਰ ਚਲ ਰਹੀ ਹੈ, ਜਿਸ ਦੀ ਗੈਰ–ਹਾਜ਼ਰੀ ਸਮਾਂ 1 ਸਾਲ ਤੋਂ ਵੱਧ ਦਾ ਹੋ ਚੁੱਕਾ ਹੈ। ਇਸ ਸਬੰਧ ਵਿੱਚ ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪ੍ਰਸੋਨਲ–2 ਸ਼ਾਖਾ) ਵੱਲੋਂ ਪੱਤਰ ਨੰ:2/1/2017/–3–ਐਫ.ਪੀ.2/189, ਮਿਤੀ:12–05–2017 ਰਾਹੀ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਜੇਕਰ ਕੋਈ ਅਧਿਕਾਰੀ/ਕਰਮਚਾਰੀ ਬਿਨ੍ਹਾਂ ਛੁੱਟੀ ਮੰਨਜੂਰ ਕਰਵਾਏ ਆਪਣੀ ਡਿਊਟੀ ਤੋਂ ਲਗਾਤਾਰ ਗੈਰ–ਹਾਜ਼ਰ ਰਹਿੰਦਾ ਹੈ ਅਤੇ ਇਹ ਗੈਰ–ਹਾਜ਼ਰੀ ਦਾ ਸਮਾਂ ਚਲਦੇ ਨੂੰ ਇੱਕ ਸਾਲ ਤੋਂ ਵੱਧ ਦਾ ਸਮਾਂ ਹੋ ਜਾਂਦਾ ਹੈ ਤਾਂ ਉਸ ਵੱਲੋਂ ਸਰਕਾਰੀ ਸਰਵਿਸ ਤੋਂ ਅਸਤੀਫਾ ਦਿੱਤਾ ਸਮਝਿਆ ਜਾਵੇਗਾ, **ਭਾਵ ਉਸ ਵੱਲੋਂ ਸਰਕਾਰੀ ਸਰਵਿਸ ਤੋਂ Demeed Resignation ਮੰਨਿਆ ਜਾਵੇਗਾ।**

ਇਸ ਲਈ ਉਕਤ ਤੱਥਾਂ ਅਤੇ ਸਰਕਾਰੀ ਹਦਾਇਤਾਂ ਨੂੰ ਮੁੱਖ ਰੱਖਦੇ ਹੋਏ ਪੂਰੀ ਗੱਹੁ ਨਾਲ ਵਿਚਾਰਕੇ ਮੈਂ, ਗੁਰਵਿੰਦਰ ਸਿੰਘ, ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ,ਐਸ.ਏ.ਐਸ. ਨਗਰ ਸ਼੍ਰੀਮਤੀ ਮਨਪ੍ਰੀਤ ਕਲਸੀ, ਖੇਤੀਬਾੜੀ ਉਪ ਨਿਰੀਖਕ ਜੋ ਕਿ ਦਫਤਰ ਮੁੱਖ ਖੇਤੀਬਾੜੀ ਅਫਸਰ, ਹੁਸ਼ਿਆਰਪੁਰ ਵਿਖੇ ਤੈਨਾਤ ਸੀ, ਉਸ ਨੂੰ ਮਿਤੀ: 20.01.2022 ਤੋਂ ਲਗਾਤਾਰ ਹੁਣ ਤੱਕ ਆਪਣੀ ਡਿਊਟੀ ਤੋਂ ਬਿਨ੍ਹਾਂ ਆਗਿਆ ਗੈਰ–ਹਾਜ਼ਰ ਰਹਿਣ ਕਾਰਨ ਮਿਤੀ 20.01.2022 ਤੋਂ ਸਰਕਾਰੀ ਸੇਵਾਵਾਂ ਤੋਂ ਅਸਤੀਫਾ ਮੰਨਦੇ ਹੋਏ ਉਸ ਦੀਆਂ ਸੇਵਾਵਾਂ ਸਮਾਪਤ ਕਰਦਾ ਹਾਂ।

ਕਰਮਚਾਰਣ ਦਾ ਪੱਕਾ ਪਤਾ ਹੇਠ ਲਿਖੇ ਅਨੁਸਾਰ ਹੈ:

ਸ਼੍ਰੀਮਤੀ ਮਨਪ੍ਰੀਤ ਕਲਸੀ, ਖੇਤੀਬਾੜੀ ਉਪ ਨਿਰੀਖਕ,
ਗਲੀ ਨੰ:5, ਮਕਾਨ ਨੰ:362, ਟੈਗੋਰ ਨਗਰ,
ਹੁਸ਼ਿਆਰਪੁਰ।

ਗੁਰਵਿੰਦਰ ਸਿੰਘ
ਡਾਇਰੈਕਟਰ ਖੇਤੀਬਾੜੀ ਅਤੇ
ਕਿਸਾਨ ਭਲਾਈ ਵਿਭਾਗ, ਪੰਜਾਬ

ਮਿਤੀ 6 ਜੂਨ, 2023

3742/6-2026/Pb. Govt. Press, S.A.S. Nagar